ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਅਜੀਤਗੜ੍ਹ, ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ

ਸਮੂਹ ਸਕੂਲ ਮੁਖੀ,
ਪੰਜਾਬ।

ਮੀਮੋ ਨੰ: 9/1-2017 ਮਿਤੀ: 12.02.2018

ਵਿਸ਼ਾ:- ਉਡਾਣ ਪ੍ਰੋਜੈਕਟ ਸਬੰਧੀ।

ਉਕਤ ਵਿਸ਼ੇ ਅਧੀਨ ਮਾਨਯੋਗ ਸਕੱਤਰ ਸਕੂਲ ਸਿੱਖਿਆ, ਜੀ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਉਡਾਣ ਪ੍ਰੋਜੈਕਟ ਮਿਤੀ 01.12.2017 ਤੋਂ ਤਿੰਨ ਗਰੁੱਪਾਂ (6ਵੀਂ ਤੋਂ 8ਵੀਂ, 9ਵੀਂ ਤੋਂ 10ਵੀਂ ਅਤੇ 11ਵੀਂ ਤੋਂ 12ਵੀਂ) ਵਿੱਚ ਚੱਲ ਰਿਹਾ ਹੈ, ਪ੍ਰੰਤੂ ਇਹ ਧਿਆਨ ਵਿੱਚ ਆਇਆ ਹੈ ਕਿ ਇਸ ਦਫ਼ਤਰ ਦੇ ਮੀਮੋ ਨੰ: 9/1-2017 ਮਿਤੀ, 29.11.2017 ਰਾਹੀਂ ਸਮੂਹ ਸਕੂਲ ਮੁਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਉਹਨਾਂ ਵੱਲੋਂ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ। ਹੁਣ ਆਪ ਜੀ ਨੂੰ ਮੁੜ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

(1) ਹਰ ਰੋਜ਼ ਭੇਜੀ ਜਾਂਦੀ ਪ੍ਰਸ਼ਨਾਵਲੀ ਨੂੰ ਸਕੂਲ ਵਿੱਚ ਸਹੀ ਜਗਾ ਤੇ ਲਗਾਇਆ ਜਾਵੇ।
(2) ਹਰ ਗਰੁੱਪ ਦੀ ਪ੍ਰਸ਼ਨਾਵਲੀ ਅਲੱਗ ਅਲੱਗ ਥਾਂ ਤੇ ਲਗਾਈ ਜਾਵੇ ਤਾਂ ਜੋ ਇੱਕ ਹੀ ਜਗ੍ਹਾ ਤੇ ਵਿਦਿਆਰਥੀਆਂ ਦਾ ਇਕੱਠ ਨਾ ਹੋਵੇ।
(3) ਕੋਈ ਵੀ ਵਿਦਿਆਰਥੀ ਕਿਸੇ ਵੀ ਪੀਰੀਅਡ ਵਿੱਚ ਉਡਾਣ ਪ੍ਰੋਜੈਕਟ ਦੀ ਪ੍ਰਸ਼ਨਾਵਲੀ ਹੱਲ ਨਹੀਂ ਕਰੇਗਾ।
(4) ਸਕੂਲ ਵਿੱਚ ਇਸ ਕੰਮ ਲਈ ਵਿਦਿਆਰਥੀਆਂ ਦਾ ਪੜ੍ਹਾਈ ਦਾ ਸਮਾਂ ਖਰਾਬ ਨਾ ਕੀਤਾ ਜਾਵੇ।
(5) ਵਿਦਿਆਰਥੀਆਂ ਵੱਲੋਂ ਇਹ ਪ੍ਰਸ਼ਨ ਅੱਧੀ ਛੁੱਟੀ ਦੇ ਸਮੇਂ ਵਿੱਚ ਹੀ ਨੋਟ ਕੀਤੇ ਜਾਣ।
(6) ਹਰ ਮਹੀਨੇ ਦੇ ਅਖੀਰਲੇ ਕੰਮ ਵਾਲੇ ਦਿਨ ਅਤੇ ਅਖੀਰਲੇ ਪੀਰੀਅਡ ਵਿੱਚ ਅਪਣੇ ਪੱਧਰ ਤੇ ਟੈਸਟ ਲਿਆ ਜਾਵੇ।
(7) ਸਲਾਨਾ ਪ੍ਰੀਖਿਆਵਾਂ ਨੂੰ ਮੁੱਖ ਰੱਖਦੇ ਹੋਇਆਂ ਉਡਾਣ ਪ੍ਰਸ਼ਨਾਵਲੀ 15.02.2018 ਤੱਕ ਭੇਜੀ ਜਾਵੇਗੀ।
(8) ਵਿਭਾਗ ਵੱਲੋਂ ਲਈ ਜਾਣ ਵਾਲੀ "ਉਡਾਣ ਪ੍ਰੀਖਿਆ" ਦਾ ਸ਼ਡਿਊਲ ਜਲਦੀ ਹੀ ਜਾਰੀ ਕਰਕੇ ਆਪ ਜੀ ਨੂੰ ਭੇਜਿਆ ਜਾਵੇਗਾ।
(9) ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਏ। ਇਸ ਵਿੱਚ ਕਿਸੇ ਕਿਸਮ ਦੀ ਉਣਤਾਈ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।
(10) ਉਕਤ ਹਦਾਇਤਾਂ ਬਾਰੇ ਜੇਕਰ ਕੋਈ ਸਪਸ਼ਟੀਕਰਨ ਲੈਣਾ ਹੋਵੇ ਤਾਂ ਮੁੱਖ ਦਫ਼ਤਰ ਦੀ ਬਣੀ ਟੀਮ ਤੋਂ ਹੇਠ ਲਿਖੇ ਮੋਬਾਇਲ ਨੰਬਰਜ਼ ਤੋਂ ਲਿਆ ਜਾ ਸਕਦਾ ਹੈ:-
ੳ) ਸ਼੍ਰੀ ਕੁਲਦੀਪ ਕੁਮਾਰ ਵਰਮਾਂ, ਵਿਸ਼ਾ ਮਾਹਰ 9781700131
ਅ) ਸ਼੍ਰੀਮਤੀ ਬਬਨਜੀਤ ਕੌਰ, ਤਕਨੀਕੀ ਸਹਾਇਕ 9501488366
ੲ) ਸ਼੍ਰੀ ਦੇਵੀ ਦਿਆਲ, ਸ.ਸ.ਸ.ਸ ਬੇਨੜਾ (ਸੰਗਰੂਰ) 8146557024

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

ਪਿੰਠ ਅੰਕਣ ਨੰ: ਉਕਤ ਮਿਤੀ:12.02.2018

ਉਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ:-

1. (ੳ) ਇਹ ਪ੍ਰੋਜੈਕਟ ਜ਼ਿਲ੍ਹੇ ਦੇ ਹਰ ਸਰਕਾਰੀ ਸਕੂਲ ਵਿੱਚ ਚੱਲਣਾ ਯਕੀਨੀ ਬਣਾਇਆ ਜਾਵੇ।
(ਅ) ਸਮੇਂ-ਸਮੇਂ ਤੇ ਇਸ ਪ੍ਰੋਜੈਕਟ ਸੰਬੰਧੀ ਚੈਕਿੰਗ ਵੀ ਕਰਵਾ ਲਈ ਜਾਵੇ।
2. ਐਮ.ਆਈ.ਐਸ ਵਿੰਗ ਦਫ਼ਤਰ ਡੀ.ਜੀ.ਐਸ.ਸੀ, ਪੰਜਾਬ ਨੂੰ ਸੂਚਨਾ ਅਤੇ ਵੈਬ-ਸਾਇਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ